BC Centre for Disease Control
Provincial Health Services Authority

STI/HIV Services
Clinical Prevention Services
655 West 12th Avenue
Vancouver, BC V5Z 4R4

604.707.5600
604.707.5604
bccdc.ca
SmartSexResource.com

# ਸੈਫ਼ਟ੍ਰਾਇਐਕਸੋਨ (CEFTRIAXONE)

ਸੈਫ਼ਟ੍ਰਾਇਐਕਸੋਨ ਮਾਸਪੇਸ਼ੀ ਵਿੱਚ ਟੀਕੇ ਨਾਲ ਲਗਾਇਆ ਇੱਕ ਐਂਟੀਬਾਇਓਟਿਕ ਹੈ ਜਿਸ ਨੂੰ ਜਿਨਸੀ ਸੰਬੰਧਾਂ ਕਾਰਣ ਫੈਲਣ ਵਾਲੀਆਂ ਕੁਝ ਇਨਫ਼ੈਕਸ਼ਨਾਂ (ਐੱਸ.ਟੀ.ਆਈ.'ਜ਼) ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ।

## ਐਲਰਜੀਆਂ (Allergies)

ਜੇ ਤੁਹਾਨੂੰ ਹੇਠ ਲਿਖੀਆਂ ਦਵਾਈਆਂ ਵਿੱਚੋਂ ਕਿਸੇ ਵੀ ਦਵਾਈ ਤੋਂ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ:

- ਹੋਰ ਸਿਫਾਲੋਸਪੌਰਿਨ ਐਂਟੀਬਾਇਓਟਿਕ (ਜਿਵੇਂ ਕਿ, ਸੈਫੂਰੌਕਸੀਮ, ਸੇਫ਼ਿਕਸੀਮ, ਸੈਫ਼ਟਾਜ਼ੀਡਾਈਮ ਅਤੇ ਸੇਫ਼ੇਪਾਈਮ)
- ਲੀਡੋਕੇਨ ਜਾਂ ਹੋਰ ਸਥਾਨਕ ਐਨੇਸਥੈਟਿਕਸ ਜਾਂ ਅਮਾਈਡ ਕਿਸਮ ਦੀਆਂ ਦਵਾਈਆਂ (ਜਿਵੇਂ ਕਿ ਪ੍ਰੀਲੋਕਾਈਨ)। ਟੀਕੇ ਵਾਲੀ ਥਾਂ 'ਤੇ ਦਰਦ ਨੂੰ ਘਟਾਉਣ ਲਈ ਲੀਡੋਕੇਨ ਨੂੰ ਸੈਫ਼ਟ੍ਰਾਇਐਕਸੋਨ ਨਾਲ ਰਲ਼ਾਇਆ ਜਾਂਦਾ ਹੈ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Breast/Chest Feeding)

- ਹੋ ਸਕਦਾ ਹੈ ਕਿ ਗਰਭਕਾਲ ਅਤੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੇ ਸਮੇਂ ਦੌਰਾਨ ਸੈਫ਼ਟ੍ਰਾਇਐਕਸੋਨ ਨੂੰ ਸਾਵਧਾਨੀ ਨਾਲ ਇਸਤੇਮਾਲ ਕੀਤਾ ਜਾ ਸਕੇ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।
- ਹੋ ਸਕਦਾ ਹੈ ਕਿ ਗਰਭਕਾਲ ਅਤੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੇ ਸਮੇਂ ਦੌਰਾਨ ਸੈਫ਼ਟ੍ਰਾਇਐਕਸੋਨ ਨੂੰ ਸਾਵਧਾਨੀ ਨਾਲ ਇਸਤੇਮਾਲ ਕੀਤਾ ਜਾ ਸਕੇ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

## ਸਾਵਧਾਨ (CAUTION)

- ਜੇ ਤੁਹਾਨੂੰ ਪਿੱਤੇ (ਗੌਲ-ਬਲੈਡਰ), ਗੁਰਦੇ, ਪੈਨਕ੍ਰੀਆਜ਼ ਜਾਂ ਖ਼ੂਨ ਵਗਣ ਸੰਬੰਧੀ ਕੋਈ ਵਿਗਾੜ ਹੈ ਜਾਂ ਪੇਟ ਵਿੱਚ ਗੜਬੜੀ, ਵਿਸ਼ੇਸ਼ ਤੌਰ 'ਤੇ ਕੋਲਾਈਟਿਸ (ਵੱਡੀ ਆਂਦਰ ਦੀ ਸੋਜਿਸ਼) ਦਾ ਪਿਛੋਕੜ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।
- ਜੇ ਤੁਹਾਨੂੰ ਸੈਫ਼ਟ੍ਰਾਇਐਕਸੋਨ ਦੀ ਖ਼ੁਰਾਕ ਦਿੱਤੀ ਜਾ ਰਹੀ ਹੈ ਤਾਂ ਹੇਠ ਲਿਖੀਆਂ ਵੈਕਸੀਨਾਂ ਨਾ ਲਗਵਾਓ:
  - ਬੀ.ਸੀ.ਜੀ. ਵੈਕਸੀਨ – ਇੰਟ੍ਰਾਵਿਸਕਲ – ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸਲਾਹ-ਮਸ਼ਵਰਾ ਕਰੋ
  - ਐਂਟੀਬਾਇਓਟਿਕ ਥੈਰੇਪੀ ਤੋਂ ਬਾਅਦ 14 ਦਿਨਾਂ ਦੇ ਅੰਦਰ-ਅੰਦਰ ਕੌਲਰਾ (ਹੈਜ਼ੇ) ਦੀ ਵੈਕਸੀਨ (ਵੈਕਸਚੋਰਾ®)
  - ਐਂਟੀਬਾਇਓਟਿਕ ਥੈਰੇਪੀ ਤੋਂ ਬਾਅਦ 3 ਦਿਨਾਂ ਦੇ ਅੰਦਰ-ਅੰਦਰ ਟਾਇਫੌਇਡ ਦੀ ਮੂੰਹ ਰਾਹੀਂ ਲਈ ਜਾਣ ਵਾਲੀ ਵੈਕਸੀਨ
- ਸੈਫ਼ਟ੍ਰਾਇਐਕਸੋਨ ਪਿਸ਼ਾਬ ਵਿੱਚ ਗਲੂਕੋਸ ਦੀ ਜਾਂਚ ਕਰਨ ਲਈ ਤਾਂਬਾ-ਘਟਾਉਣ ਵਾਲੇ ਕੁਝ ਟੈਸਟਾਂ ਲਈ ਰੁਕਾਵਟ ਬਣ ਸਕਦੀ ਹੈ।
- ਗਰਭਕਾਲ ਪੂਰਾ ਕਰਨ ਤੋਂ ਪਹਿਲਾਂ ਜਨਮੇ ਬੱਚਿਆਂ ਜਾਂ 28 ਦਿਨਾਂ ਤੋਂ ਘੱਟ ਉਮਰ ਵਾਲੇ ਉਹ ਬੱਚੇ ਜਿਨ੍ਹਾਂ ਦੇ ਖ਼ੂਨ ਵਿੱਚ "ਬਿਲੀਰੂਬਿਨ" ਦੀ ਵੱਧ ਮਿਕਦਾਰ ਹੁੰਦੀ ਹੈ, ਉਨ੍ਹਾਂ ਨੂੰ ਸੈਫ਼ਟ੍ਰਾਇਐਕਸੋਨ ਨਹੀਂ ਦਿੱਤੀ ਜਾਂਦੀ।



*Last review by BCCDC Pharmacy: April 2025*

- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ।

## ਮਾੜੇ ਪ੍ਰਭਾਵ (Side Effects)

- ਟੀਕੇ ਵਾਲੀ ਥਾਂ 'ਤੇ ਤੁਹਾਨੂੰ ਬੇਅਰਾਮੀ, ਲਾਲੀ ਜਾਂ ਸੋਜਿਸ਼ ਦਾ ਅਨੁਭਵ ਹੋ ਸਕਦਾ ਹੈ।
- ਤੁਹਾਨੂੰ ਚਮੜੀ ਉੱਪਰ ਧੱਫੜ ਜਾਂ ਦਸਤ ਲੱਗ ਸਕਦੇ ਹਨ।
- ਜੇ ਇਨ੍ਹਾਂ ਵਿੱਚੋਂ ਕੋਈ ਵੀ ਪ੍ਰਭਾਵ ਜਾਰੀ ਰਹੇ ਜਾਂ ਬਦਤਰ ਹੋ ਜਾਵੇ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।
-

## ਟ੍ਰੀਟਮੈਂਟ ਤੋਂ ਬਾਅਦ ਦੀ ਦੇਖਭਾਲ (Care Following Treatment)

- ਟੀਕਾ ਲੱਗਣ ਤੋਂ ਬਾਅਦ ਕਿਰਪਾ ਕਰਕੇ 15 ਮਿੰਟ ਕਲੀਨਿਕ ਵਿੱਚ ਇੰਤਜ਼ਾਰ ਕਰੋ।
- ਟ੍ਰੀਟਮੈਂਟ ਤੋਂ ਬਾਅਦ ਜੇ ਤੁਹਾਨੂੰ ਕੋਈ ਵੀ ਰੀਐਕਸ਼ਨ ਹੋਵੇ (ਜਿਵੇਂ ਕਿ ਧੱਫੜ, ਖਾਜ, ਸਾਹ ਲੈਣ ਵਿੱਚ ਤਕਲੀਫ਼) ਤਾਂ ਕਿਰਪਾ ਕਰਕੇ ਤੁਰੰਤ ਕਿਸੇ ਸਟਾਫ਼ ਮੈਂਬਰ ਨੂੰ ਸੂਚਿਤ ਕਰੋ।
- ਜੇ ਇਹ ਲੱਛਣ ਕਲੀਨਿਕ ਵਿੱਚੋਂ ਚਲੇ ਜਾਣ ਤੋਂ ਬਾਅਦ ਸਾਹਮਣੇ ਆਉਣ ਤਾਂ ਕਿਰਪਾ ਕਰਕੇ ਤੁਰੰਤ ਮੈਡੀਕਲ ਸਹਾਇਤਾ ਲਓ।

## ਵਿਸ਼ੇਸ਼ ਹਿਦਾਇਤਾਂ (Special Instructions)

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤੱਕ:
  - ਤੁਹਾਡੇ ਇੱਕ-ਖ਼ੁਰਾਕ-ਵਾਲੇ ਟ੍ਰੀਟਮੈਂਟ ਨੂੰ ਇੱਕ ਹਫ਼ਤਾ ਨਹੀਂ ਹੋ ਜਾਂਦਾ, ਜਾਂ ਜਦੋਂ ਤੱਕ ਤੁਸੀਂ 7-ਦਿਨਾ ਟ੍ਰੀਟਮੈਂਟ ਪੂਰਾ ਨਹੀਂ ਕਰ ਲੈਂਦੇ, ਅਤੇ
  - ਤੁਹਾਡੇ ਕਾਮੁਕ ਸਾਥੀ(ਆਂ) ਦਾ ਇਲਾਜ ਵੀ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦਾ ਟ੍ਰੀਟਮੈਂਟ ਸ਼ੁਰੂ ਹੋਇਆਂ ਇੱਕ ਹਫ਼ਤਾ ਹੋ ਚੁੱਕਾ ਹੈ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨਾਂਹ-ਪੱਖੀ (ਨੈਗੇਟਿਵ) ਹੀ ਹੋਣ।
- ਜੇ ਤੁਸੀਂ ਅਜਿਹੇ ਸਾਥੀ ਨਾਲ ਸੰਭੋਗ ਕਰ ਰਹੇ ਹੋ ਜਿਸ ਦਾ ਇਲਾਜ ਨਹੀਂ ਕੀਤਾ ਗਿਆ ਜਾਂ ਤੁਸੀਂ ਆਪਣਾ ਜਾਂ ਆਪਣੇ ਸਾਥੀ ਦਾ ਟ੍ਰੀਟਮੈਂਟ ਮੁਕੰਮਲ ਹੋਣ ਤੋਂ ਪਹਿਲਾਂ ਸੰਭੋਗ ਕਰਦੇ ਹੋ ਤਾਂ ਤੁਹਾਨੂੰ ਦੁਬਾਰਾ ਟ੍ਰੀਟਮੈਂਟ ਕਰਵਾਉਣ ਦੀ ਲੋੜ ਪਵੇਗੀ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।